# ਯਹੂੰਨਾ ਬਪਤਿਸਮਾ ਦੇਣ ਵਾਲੇ ਨੇ ਯੀਸ਼ੂ ਨੂੰ ਬਪਤਿਸਮਾ ਦਿੱਤਾ

**ਪ੍ਰਾਥਨਾ:** ''ਪਿਆਰੇ ਪਰਮੇਸ਼ਵਰ, ਇਸ ਪੜ੍ਹਾਈ ਨੂੰ ਬੱਚਿਆਂ ਦੀ ਮੱਦਦ ਕਰਨ ਵਿੱਚ ਇਸਤੇਮਾਲ ਕਰੋ ਕਿ ਉਹ ਵੇਖ ਸਕਣ ਕਿ ਤੁਸੀਂ ਹੀ ਇੱਕ ਪਰਮੇਸ਼ਵਰ ਹੋ ਅਤੇ ਤੁਸੀ ਹੀ ਤਿੰਨਾ ਜਣਿਆ ਵਿੱਚ ਹੋ, ਜਿਸ ਨੂੰ ਵਿਸ਼ਵਾਸੀ ਪਵਿੱਤਰ ਤ੍ਰਿਏਕ ਕਹਿੰਦੇ ਹਨ।

ਬੱਚਿਆਂ ਦੀਆਂ ਸਿੱਖਣ ਵਾਲੀਆਂ ਗਤੀਵਿਧੀਆਂ ਵਿੱਚੋਂ ਕੋਈ ਵੀ ਚੁਣ ਲਉ, ਜਿਹੜੀਆਂ ਉਨ੍ਹਾਂ ਦੀ ਉਮਰ ਅਤੇ ਜਰੂਰਤ ਦੇ ਅਨੁਸਾਰ ਹਨ।

ਇੱਕ ਵੱਡਾ ਬੱਚਾ ਜਾਂ ਅਧਿਆਪਕ ਯੀਸ਼ੂ ਦੀ ਬਪਤਿਸਮਾ ਲੈਣ ਦੀ ਕਹਾਣੀ ਯਾਦ ਕਰਕੇ ਦੱਸੇ, ਮੱਤੀ 3:1–17 ਵਿੱਚ।

**ਸਮਝਾਉ**

- ਯੀਸ਼ੂ ਦਾ ਬਪਤਿਸਮਾ ਦਿਖਾਉਂਦਾ ਹੈ ਕਿ ਤਿੰਨ ਜਣੇ 'ਤ੍ਰਿਏਕ' ਵਿੱਚ ਇੱਕਠੇ ਕੰਮ ਕਰਦੇ ਹਨ।
- ਤਿੰਨੋ ਜਨ ਇੱਕ ਪਰਮਸ਼ੇਵਰ ਹਨ, ਕੰਮ ਇੱਕੋ ਤਿੰਨ ਤਰ੍ਹਾਂ, ਉਹ ਪਰਮੇਸ਼ਵਰ ਨਹੀ ਹਨ।
- ਇਹ ਸੱਚਾਈ ਕਿ ਤਿੰਨ ਜਣਿਆ ਵਿੱਚ ਇੱਕ ਪਰਮੇਸ਼ਵਰ ਹੈ ਇਹ ਇੱਕ ਭੇਦ ਹੈ, ਉਹ ਜਿਹਨੂੰ ਸਿਰਫ ਪਰਮੇਸ਼ਵਰ ਹੀ ਸਮਝ ਸਕਦਾ ਹੈ।



ਇੰਨ੍ਹਾਂ ਪ੍ਰਸ਼ਨਾ ਨੂੰ ਪੁੱਛੋ (ਉੱਤਰ ਹਰੇਕ ਪ੍ਰਸ਼ਨ ਦੇ ਬਾਦ ਦਿੱਤਾ ਗਿਆ ਹੈ)

- ਕਿਹਦੇ ਲਈ ਯਹੂੰਨਾ ਰਾਹ ਤਿਆਰ ਕਰ ਰਿਹਾ ਸੀ? (ਆਇਤ 3)
- ਝੁੰਡਾਂ, ਨੇ ਕੀ ਕੀਤਾ, ਜਦੋਂ ਯਹੂੰਨਾ ਉਨ੍ਹਾਂ ਨੂੰ ਬਪਤਿਸਮਾ ਦੇ ਰਿਹਾ ਸੀ?
- (ਉਹਨਾ ਨੇ ਆਪਣੇ ਪਾਪਾਂ ਨੂੰ ਸਵੀਕਾਰ ਕਰ ਲਿਆ। ਆਇਤ 6)
- ਕਿਵੇਂ ਯਹੂੰਨਾ ਨੇ ਧਾਰਮਿਕ ਲੋਕਾਂ ਨੂੰ ਚੇਤਾਇਆ ਕਿ ਉਹ ਜਿੰਨ੍ਹਾਂ ਨੇ ਉਹਨਾ ਦੇ ਪਾਪਾਂ ਨੂੰ ਸਵਿਕਾਰ ਨਹੀ ਕੀਤਾ? (ਆਇਤ 8)
- ਯੀਸ਼ੂ ਕਿਸ ਨਾਲ ਉਨ੍ਹਾਂ ਲੋਕਾਂ ਨੂੰ ਬਪਤਿਸਮਾ ਦੇਣਗੇ, ਜਿੰਨ੍ਹਾਂ ਨੇ ਪਛਤਾਵਾ ਕੀਤਾ ਹੈ? (ਪਵਿੱਤਰ ਆਤਮਾ ਨਾਲ ਆਇਤ 12)
- ਯੀਸ਼ੂ ਨੇ ਬਪਤਿਸਮਾ ਲੈਣ ਲਈ ਕਿਉਂ ਕਿਹਾ ? (ਉਹ ਇੱਕ ਨਮੂਨੇ ਦੇ ਵਾਂਗ ਕਰਨ, ਜਿਹੜੇ ਪਾਪੀਆਂ ਵਾਸਤੇ ਸਹੀ ਸੀ।
- ਕਿਸ ਤਰ੍ਹਾਂ ਹਰੇਕ, ਜਿਹੜਾ ਤ੍ਰਿਏਕ ਦੇ ਰੂਪ ਵਿੱਚ ਬਪਤਿਸਮੇ ਦੇ ਵੇਲੇ ਹਾਜਿਰ ਹੁੰਦਾ ਹੋਵੇ ? (ਪੁੱਤਰ ਨੇ ਬਪਤਿਸਮਾ ਲਿਆ ਸੀ, ਆਤਮਾ ਉਹਦੇ ਉੱਤੇ ਉਤਰਿਆ, ਅਤੇ ਪਿਤਾ ਬੋਲਿਆ ਆਇਤਾ 16–17) ਯੀਸ਼ੂ ਦੇ ਬਪਤਿਸਮੇ ਲੈਣ ਦੇ ਵੇਲੇ ਤ੍ਰਿਏਕ ਦਾ ਕੰਮਾ ਦੇ ਬਾਰੇ ਦੀ ਕਹਾਣੀ ਦਾ ਨਾਟਕ ਤਿਆਰ ਕਰੋ (ਮੱਤੀ 3:1–7)
- ਅਰਾਧਨਾ ਦੇ ਆਗੂਵੇ ਨਾਲ ਮਿਲ ਕੇ ਬੱਚਿਆਂ ਲਈ ਇਹ ਨਾਟਕ ਪੇਸ਼ ਕਰਨ ਦੀ ਤਿਆਰੀ ਕਰੋ।
- ਆਪਣੇ ਸਮੇ ਨੂੰ ਬੱਚਿਆਂ ਦੀ ਤਿਆਰੀ ਕਰਨ ਵਿੱਚ ਗੁਜਾਰੋ।
- ਤੁਹਾਨੂੰ ਸਾਰੇ ਹਿੱਸੇ ਕਰਨ ਦੀ ਜਰੂਰਤ ਨਹੀ ਹੈ।
- ਵੱਡੇ ਬੱਚੇ, ਛੋਟਿਆਂ ਦੀ ਤਿਆਰੀ ਵਿੱਚ ਮੱਦਦ ਕਰਨ।
- ਵੱਡੇ ਬੱਚੇ ਜਾ ਬਾਲਿਗਾ ਇਹਨਾ ਹਿੱਸਿਆਂ ਨੂੰ ਕਰਨ, ਯਹੂੰਨਾ ਬਪਤਿਸਮਾ ਦੇਣ ਵਾਲਾ, ਯੀਸ਼ੂ ਅਤੇ ਵਾਚਕ।
- ਛੋਟੇ ਬੱਚੇ ਇਹਨਾ ਹਿੱਸਿਆ ਨੂੰ ਕਰਨ ਲਈ ਦਿਉ। ਦਰਸ਼ਕ, ਫਰੀਸੀ, ਸਦੂਕੀ।

**ਵਾਚਕ**:– ਮੱਤੀ 3:1–12 ਵਿੱਚੋ ਕਹਾਣੀ ਦੇ ਪਹਿਲੇ ਹਿੱਸੇ ਨੂੰ, ਦੱਸੇ ਫਿਰ ਆਖੇ, ''ਸੁਣੋ ਯਹੂੰਨਾ ਬਪਤਿਸਮਾ ਦੇਣ ਵਾਲਾ ਕੀ ਕਹਿੰਦਾ ਹੈ।''

**ਯਹੂੰਨਾ**: ਚੀਕੇ, ''ਪਰਮੇਸ਼ਵਰ ਦੇ ਆਉਣ ਦੀ ਤਿਆਰੀ ਕਰੋ। ਆਪਣੇ ਪਾਪਾ ਦਾ ਪਛਤਾਵਾ ਕਰੋ।''

**ਦਰਸ਼ਕ**: ''ਮੈ ਆਪਣੇ ਪਾਪਾਂ ਦਾ ਪਛਤਾਵਾ ਕਰਦਾ ਹਾਂ, ''ਬੇਨਤੀ ਕਰਕੇ ਮੈਨੂੰ ਬਪਤਿਸਮਾ ਦਿਉ।''

**ਫਰੀਸੀ**: ''ਮੈ ਤਾ ਵਡਾ ਧਾਰਮਿਕ ਫਰੀਸੀ ਹਾਂ। ਮੈਨੂੰ ਆਪਣੇ ਜੀਵਨ ਨੂੰ ਬਦਲਣ ਦੀ ਜਰੂਰਤ ਨਹੀ ਹੈ।''

**ਸਦੂਕੀ**: ''ਮੈ ਇੱਕ ਸਦੂਕੀ। ਮੈ ਬਪਤਿਸਮਾ ਲੈ ਕੇ ਇਹ ਦਿਖਾਵਾਂ ਕਿ ਮੈ ਕਿੰਨਾ ਚੰਗਾ ਹਾਂ। ਮੈਨੂੰ ਪਛਤਾਵਾ ਕਰਨ ਦੀ ਕੋਈ ਲੋੜ ਨਹੀ।''

**ਯਹੂੰਨਾ**: ''ਚੀਕੇ, ''ਤੁਸੀ ਫਰੀਸੀ ਹੋ, ਆਪਣੇ ਦਿਲਾਂ ਨੂੰ ਬਦਲੋ। ਛੇਤੀ ਹੀ ਕੋਈ ਆ ਰਿਹਾ ਹੈ, ਉਹ ਜਿਹੜਾ ਤੁਹਾਨੂੰ ਬਪਤਿਸਮਾ ਪਵਿੱਤਰ ਆਤਮਾ ਨਾਲ ਦੇਵੇਗਾ। ਪਰਮੇਸ਼ਵਰ ਦੀ ਆਗਿਆ ਨੂੰ ਮੰਨੋ ਜਾਂ ਤੁਹਾਨੂੰ ਨਿਆਂ ਦੀ ਅੱਗ ਦਾ ਸਾਮਹਣਾ ਕਰਨਾ ਪਵੇਗਾ।

**ਵਾਚਕ**: ਮੱਤੀ 3:13–17 ਵਿੱਚ ਕਹਾਣੀ ਦੇ ਦੂਜੇ ਹਿੱਸੇ ਨੂੰ ਦੱਸੇ, ਫਿਰ ਆਖੇ, ''ਸੁਣੋ ਯੀਸ਼ੂ ਯਹੂੰਨਾ ਬਪਤਿਸਮਾ ਦੇਣ ਵਾਲੇ ਨੂੰ ਕੀ ਕਹਿੰਦਾ ਹੈ?''

**ਯੀਸ਼ੂ**:– ''ਯਹੂੰਨਾ ਤੂੰ ਮੈਨੂੰ ਬਪਤਿਸਮਾ ਜਰੂਰ ਦੇ।''

**ਯਹੂੰਨਾ**:– ''ਪਰ ਯੀਸ਼ੂ, ਮੈ ਇਹ ਕਰਨ ਦੇ ਯੋਗ ਨਹੀ ਹਾਂ, ਇਹ ਤੂੰ ਹੀ ਹੈ, ਜਿਹੜਾ ਮੈਨੂੰ ਬਪਤਿਸਮਾ ਦੇ ਸਕਦਾ ਹੈ।''

**ਯੀਸ਼ੂ ਆਖੇ,** ''ਇਹ ਜਰੂਰੀ ਹੈ, ਇਹ ਕਰਨਾ ਜਿਹੜਾ ਸਹੀ ਹੈ। ਮੈਨੂੰ ਜਰੂਰ ਸੇਵਾ ਇਸੇ ਤਰ੍ਹਾਂ ਕਰਨੀ ਹੈ, ਪਾਪੀਆਂ ਨੂੰ ਉਦਾਹਰਣ ਦੇਣ ਲਈ।''

**ਯਹੂੰਨਾ** : ਯੀਸ਼ੂ ਨੂੰ ਬਪਤਿਸਮਾ ਦੇਣ ਦਾ ਦਿਖਾਵਾ ਕਰੇ, ਫਿਰ ਉੱਤੇ ਵੇਖੇ ਅਤੇ ਆਖੇ, ''ਦੇਖੋ। ਪਵਿੱਤਰ ਆਤਮਾ ਸੁਰਗ ਵਿੱਚੋਂ ਹੇਠਾਂ ਆ ਰਿਹਾ ਹੈ, ਇੱਕ ਕਬੂਤਰ ਦੇ ਵਾਂਗ, ਯੀਸ਼ੂ ਦੇ ਉੱਤੇ।''

**ਦਰਸ਼ਕ**: ਉੱਤੇ ਵੱਲ ਇਸ਼ਾਰਾ ਕਰਕੇ ਅਤੇ ਚੀਕਣ, ''ਸੁਣੋ।'' ਫਿਰ ਆਖਣ ''ਇੱਕ ਅਵਾਜ ਸੁਰਗ ਵਿੱਚੋ।''

**ਯਹੂੰਨਾ**: ''ਕੀ ਤੁਸੀ ਸੁਣਿਆ ਕਿ ਪਿਤਾ ਪਰਮੇਸ਼ਵਰ ਨੇ ਸੁਰਗ ਵਿੱਚੋਂ ਯੀਸ਼ੂ ਬਾਰੇ ਕੀ ਕਿਹਾ ਹੈ''? ਉਹਨੇ ਆਖਿਆ, ''ਇਹ ਮੇ ਰਾ ਪੁੱਤਰ ਹੈ, ਜਿਹਨੂੰ ਮੈ ਪਿਆਰ ਕਰਦਾ ਹਾਂ।'' ਪਰਮੇਸ਼ਵਰ ਨੇ ਸਾਨੂੰ ਆਖਿਆ।

**ਵਾਚਕ**:– ਹਰੇਕ ਦਾ ਧੰਨਵਾਦ ਕਰੋ, ਜਿੰਨ੍ਹਾਂ ਨੇ ਨਾਟਕ ਵਿੱਚ ਮੱਦਦ ਕੀਤੀ ਹੈ।

**ਪ੍ਰਸ਼ਨ**:– ਜੇ ਇਹ ਨਾਟਕ ਬੱਚੇ ਬਾਲਿਗਾ ਲਈ ਕਰਨ ਤਾਂ, ਫਿਰ ਉਨ੍ਹਾਂ ਨੂੰ ਉੱਪਰ ਦਿੱਤੀ ਸੂਚੀ ਦੇ ਪ੍ਰਸ਼ਨਾਂ ਨੂੰ ਬਾਲਿਗਾਂ ਕੋਲੋਂ ਪੁੱਛਣ ਦਿਉ।

ਕਹੋ ਹੋਰ ਕਿਹੜੀਆਂ ਉਦਾਹਰਣਾ ਦੇ ਤਰੀਕੇ ਹਨ, ਜਿਸ ਤੋ ਪਤਾ ਲਗਦਾ ਹੈ, ਤ੍ਰਿਏਕ ਕਿਵੇ ਇੱਕਠੇ ਕੰਮ ਕਰਦੇ ਹਨ, ਜਿਵੇ ਇੱਕ ਪਰਮੇਸ਼ਵਰ ਹੈ। ਜਦੋ ਉਹ ਇੱਕੋ ਪਰਮੇਸ਼ਵਰ ਹਨ? (ਬੱਚਿਆਂ ਨੂੰ ਉਦਾਹਰਣਾ ਦੇਣ ਦਿਉ)

ਜੇ ਉਹ ਉਦਾਹਰਣ ਦੇ ਸਕਦੇ ਹੋਣ, ਜਿੰਨ੍ਹਾਂ ਵਿੱਚ ਸ਼੍ਰਿਸਟੀ ਹੋਵੇ, ''ਯੀਸ਼ੂ'' ਪੁੰਨਰ ਉਥਾਨ, ਅਤੇ ਸਾਡੀ ਮੁਕਤੀ ਸ਼ਾਮਿਲ ਹੋਵੇ।


ਯਾਦ ਕਰੋ ਲੂੱਕਾ 9:35 ''ਉਸ ਬੱਦਲ ਵਿੱਚੋ ਇੱਕ ਅਵਾਜ ਇਹ ਕਹਿੰਦੀ ਆਈ,'' ਜੋ ਇਹ ਜੋ ਮੇਰਾ ਪੁੱਤਰ ਹੈ, ਮੇਰਾ ਚੁਣਿਆ ਹੋਇਆ, ਇਹ ਦੀ ਸੁਣੋ।''

**ਕਵਿਤਾ**: ਚਾਰ ਬੱਚੇ, ਹਰੇਕ ਬੱਚਾ ਇੱਕ ਇੱਕ ਆਇਤ ਜਬੂਰਾਂ ਦੀ ਪੋਥੀ 2:7,8 10 ਅਤੇ 11 ਆਇਤਾਂ ਨੂੰ ਦੁਹਰਾਉਣ।

ਹੁਣ ਬੱਚੇ ਇੱਕ ਤਸਵੀਰ ਬਣਾਉਣ ਇੱਕ ਕਬੂਤਰ ਦੇ ਹੇਠਾਂ ਆਉਂਦੇ ਹੋਏ। ਬਾਲਿਗਾਂ ਨੂੰ ਅਰਾਧਨਾ ਵੇਲੇ ਦਿਖਾਉ ਅਤੇ ਸਮਝਾਉ ਇਹ ਸਾਨੂੰ ਦੱਸਦੀ ਹੈ, ਕਿ ਯੀਸ਼ੂ ਕਿਵੇਂ ਬਪਤਿਸਮਾ ਦਿੰਦੇ ਹਨ, ਪਵਿੱਤਰ ਆਤਮਾ ਨਾਲ, ਜਦੋ ਅਸੀਂ ਪਰਮੇਸ਼ਵਰ ਪਿਤਾ ਨੂੰ ਕਹਿੰਦੇ ਹਾਂ ''ਸਾਨੂੰ ਸਾਡੇ ਪਾਪਾਂ ਤੋਂ ਬਚਾਉ, ਯੀਸ਼ੂ ਦੇ ਨਾਂ ਵਿੱਚ।''



ਜੇ ਵੱਡੇ ਬੱਚੇ ਪਸੰਦ ਕਰਨ, ਤਾਂ ਉਹ ਇੱਕ ਚਾਰਟ ਬਣਾਉਣ ਤ੍ਰਿਏਕ ਜਿੰਨੀਆ ਦਾ।




ਵੱਡੇ ਬੱਚੇ ਇੱਕ ਗੀਤ ਜਾਂ ਕਵਿਤਾ ''ਯੀਸ਼ੂ'' ਦੇ ਬਪਤਿਸਮੇ ਜਾਂ ਤ੍ਰਿਏਕ ਦੇ ਬਾਰੇ ਵਿੱਚ ਲਿਖਣ।

**ਪ੍ਰਾਥਨਾ:** ''ਪਵਿੱਤਰ ਪਰਮੇਸ਼ਵਰ, ਤੁਸੀ ਇੱਕ ਹੋ, ਸੱਚਾ ਪਰਮੇਸ਼ਵਰ। ਅਸੀਂ ਤੁਹਾਡੀ ਉਸਤਤ ਕਰਦੇ ਹਾਂ ਕਿ ਤੁਸੀ ਇੱਕ ਵਿੱਚ ਤਿੰਨ ਹੋ। ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ। ਅਸੀਂ ਇਸ ਨੂੰ ਸਮਝ ਨਹੀ ਸਕਦੇ, ਪਰ ਅਸੀਂ ਤੁਹਾਡੇ ਵਿੱਚ ਵਿਸ਼ਵਾਸ ਕਰਦੇ ਹਾਂ। ਤੁਹਾਡਾ ਧੰਨਵਾਦ, ਸਾਨੂੰ ਆਪਣੀ ਆਤਮਾ ਨਾਲ ਬਪਤਿਸਮਾ ਦੇਣ ਵਾਸਤੇ, ਯੀਸ਼ੂ ਦੇ ਜੀਵਨ ਵਿੱਚੋ, ਇਸ ਕਰਕੇ ਅਸੀ ਤੁਹਾਡੇ ਬੱਚੇ ਬਣ ਗਏ।''

Copyright 2004 © by Paul-Timothy. May be freely copied. Download from www.Paul-Timothy.net